**inTouch**
## Women's Legal Centre

# ਵਿੱਤੀ ਸਹਾਇਤਾ ਸਕੀਮ (FAS): ਉਹ ਦਸਤਾਵੇਜ਼ ਜਿੰਨ੍ਹਾਂ ਦੀ ਤੁਹਾਨੂੰ ਲੋੜ ਪੈ ਸਕਦੀ ਹੈ

**ਵਿੱਤੀ ਸਹਾਇਤਾ ਸਕੀਮ (FAS) ਲਈ ਅਰਜ਼ੀ ਦਿੰਦੇ ਸਮੇਂ ਸਹਾਇਕ ਦਸਤਾਵੇਜ਼ ਸ਼ਾਮਲ ਕਰੋ ਜਿਵੇਂ ਕਿ ਉਹਨਾਂ ਚੀਜ਼ਾਂ ਦੀਆਂ ਰਸੀਦਾਂ ਜਾਂ ਸੰਭਾਵਿਤ ਲਾਗਤਾਂ ਜਿੰਨ੍ਹਾਂ ਵਾਸਤੇ ਤੁਸੀਂ ਪਹਿਲਾਂ ਹੀ ਭੁਗਤਾਨ ਕਰ ਚੁੱਕੇ ਹੋ ਜਾਂ ਇਹ ਭਵਿੱਖ ਵਿੱਚ ਲੋੜੀਂਦੀਆਂ ਹੋਣਗੀਆਂ।**

| ਜੇ ਤੁਸੀਂ ਦਾਅਵਾ ਕਰਨਾ ਚਾਹੁੰਦੇ ਹੋ: | ਤੁਹਾਨੂੰ ਇਹ ਪ੍ਰਦਾਨ ਕਰਨ ਦੀ ਲੋੜ ਪਵੇਗੀ: |
|---|---|
| **ਯੋਗਤਾ ਦੇ ਦਸਤਾਵੇਜ਼** | ☐ ਪੁਲਿਸ ਰਿਪੋਰਟ, ਜਾਂ ਜੇਕਰ ਕੋਈ ਪੁਲਿਸ ਰਿਪੋਰਟ ਨਹੀਂ ਹੈ, 'ਪੀੜਤਾਂ ਲਈ FAS ਵਿਧਾਨਕ ਐਲਾਨ ਦਾ ਨਮੂਨਾ - ਪੁਲਿਸ ਨੂੰ ਰਿਪੋਰਟ ਕਰਨਾ' ਨਾਮ ਦਾ ਫਾਰਮ ਪੂਰਾ ਕਰੋ<br>☐ ਕੋਈ ਵੀ ਸਬੰਧਿਤ ਕਾਨੂੰਨੀ ਜਾਂ ਅਦਾਲਤੀ ਦਸਤਾਵੇਜ਼ ਜਿਵੇਂ ਕਿ ਦਖ਼ਲਅੰਦਾਜ਼ੀ ਦੇ ਆਦੇਸ਼ ਅਤੇ ਕੋਈ ਵਿਧਾਨਕ ਐਲਾਨਨਾਮੇ<br>☐ ਅਪਰਾਧ ਦੇ ਕਾਰਨ ਪ੍ਰਾਪਤ ਹੋਏ ਹੋਰ ਭੁਗਤਾਨਾਂ ਨਾਲ ਸਬੰਧਿਤ ਕੋਈ ਵੀ ਦਸਤਾਵੇਜ਼ (ਜਿਵੇਂ ਕਿ ਵਰਕਕਵਰ, ਜਾਂ ਸੈਂਟਰਲਿੰਕ ਤੋਂ ਭੁਗਤਾਨ)<br>☐ ਪਛਾਣ ਦੇ ਦਸਤਾਵੇਜ਼ (ਇਹ ਹੇਠ ਲਿਖਿਆਂ ਵਿੱਚੋਂ ਕੋਈ ਦੋ ਹੋ ਸਕਦੇ ਹਨ: ਡਰਾਈਵਰ ਲਾਇਸੈਂਸ, ਜਨਮ ਦਾ ਸਰਟੀਫ਼ਿਕੇਟ, ਨਾਗਰਿਕਤਾ ਦਾ ਸਰਟੀਫ਼ਿਕੇਟ, ਮੈਡੀਕੇਅਰ ਕਾਰਡ, ਇਮੀਕਾਰਡ, ਆਸਟ੍ਰੇਲੀਆ ਵੀਜ਼ੇ ਵਾਲਾ ਵਿਦੇਸ਼ੀ ਪਾਸਪੋਰਟ)। |
| **ਡਾਕਟਰੀ ਖ਼ਰਚੇ** | ☐ ਤੁਹਾਡੇ ਦੁਆਰਾ ਕਰਵਾਏ ਗਏ ਜਾਂ ਭਵਿੱਖ ਵਿੱਚ ਲੋੜੀਂਦੇ ਇਲਾਜ ਬਾਰੇ ਡਾਕਟਰ ਦੀ ਚਿੱਠੀ ਅਤੇ ਇਸ ਦੀ ਲੋੜ ਕਿਉਂ ਹੈ<br>☐ ਡਾਕਟਰੀ ਇਲਾਜ, ਦਵਾਈਆਂ ਜਾਂ ਡਾਕਟਰੀ ਉਪਕਰਣਾਂ ਵਾਸਤੇ ਰਸੀਦਾਂ ਜਾਂ ਸੰਭਾਵਿਤ ਖ਼ਰਚੇ। |
| **ਕਮਾਈ ਦਾ ਨੁਕਸਾਨ** | ☐ ਪੁਰਾਣੀ ਆਮਦਨ ਦੇ ਸਬੂਤ ਜਿਵੇਂ ਕਿ ਪਿਛਲੀਆਂ ਤਨਖ਼ਾਹ ਦੀਆਂ ਪਰਚੀਆਂ, ਬੈਂਕ ਸਟੇਟਮੈਂਟਾਂ, ਇਕਰਾਰਨਾਮੇ, ਜਾਂ ਟੈਕਸ ਰਿਟਰਨਾਂ<br>☐ ਕਿਸੇ ਡਾਕਟਰ ਜਾਂ ਮਾਨਸਿਕ ਸਿਹਤ ਪੇਸ਼ੇਵਰ ਦੀ ਰਿਪੋਰਟ ਜਾਂ ਚਿੱਠੀ, ਜੋ ਕਿਸੇ ਸਿਹਤ ਸਮੱਸਿਆ ਨੂੰ ਕੰਮ ਕਰਨ ਦੀ ਅਸਮਰੱਥਾ ਨਾਲ ਜੋੜਦੀ ਹੈ<br>☐ ਵਾਧੂ ਸਹਾਇਕ ਸਬੂਤ ਪ੍ਰਦਾਨ ਕੀਤੇ ਜਾ ਸਕਦੇ ਹਨ, ਉਦਾਹਰਨ ਲਈ, ਕਿਸੇ ਮੌਜੂਦਾ ਰੁਜ਼ਗਾਰਦਾਤੇ ਦੀ ਚਿੱਠੀ ਜਾਂ ਵਿਧਾਨਕ ਐਲਾਨਨਾਮਾ। |
| **ਸਲਾਹ-ਮਸ਼ਵਰੇ ਦੇ ਖ਼ਰਚੇ** | ☐ ਭੁਗਤਾਨ ਕੀਤੇ ਗਏ ਖ਼ਰਚਿਆਂ ਦੀ ਰਸੀਦ ਜਾਂ ਚਲਾਨ, ਜਾਂ ਪ੍ਰਦਾਤੇ ਦੀ ਫ਼ੀਸ ਦੀਆਂ ਸੰਭਾਵਿਤ ਲਾਗਤਾਂ, ਸਕ੍ਰੀਨਸ਼ਾਟ ਜਾਂ ਚਿੱਠੀ<br>☐ ਮਾਨਸਿਕ ਸਿਹਤ ਪੇਸ਼ੇਵਰ ਜਾਂ ਸਮਾਜ ਸੇਵਕ ਦੀ ਚਿੱਠੀ ਸਹਾਇਕ ਸਬੂਤ ਵਜੋਂ ਪ੍ਰਦਾਨ ਕੀਤੀ ਜਾ ਸਕਦੀ ਹੈ। |
| **ਸੁਰੱਖਿਆ ਨਾਲ ਸਬੰਧਿਤ ਖ਼ਰਚੇ** | ☐ ਰਸੀਦਾਂ ਜਾਂ ਸੰਭਾਵਿਤ ਲਾਗਤਾਂ ਜੋ ਸੁਰੱਖਿਆ ਨਾਲ ਸਬੰਧਿਤ ਖ਼ਰਚਿਆਂ ਦਾ ਵੇਰਵਾ ਦਿੰਦੀਆਂ ਹਨ ਜਿਵੇਂ ਕਿ ਤਾਲਾ ਖੋਲ੍ਹਣ ਵਾਲਾ ਜਾਂ ਸੁਰੱਖਿਆ ਕੈਮਰੇ, ਰਿਹਾਇਸ਼ ਅਤੇ ਮੁੜ ਵਸੇਬੇ ਦੇ ਖ਼ਰਚੇ। |
| **ਹਿੰਸਾ ਦੀ ਕਾਰਵਾਈ ਦੇ ਸਮੇਂ ਪਹਿਨੇ ਗਏ ਕੱਪੜੇ** | ☐ ਰਸੀਦਾਂ, ਚਲਾਨ ਜਾਂ ਕੱਪੜੇ ਬਦਲਣ ਦੇ ਖ਼ਰਚਿਆਂ ਦੀਆਂ ਸੰਭਾਵਿਤ ਲਾਗਤਾਂ ਜਾਂ ਜੇ ਇਹ ਉਪਲਬਧ ਨਹੀਂ ਹਨ, ਤਾਂ ਭੁਗਤਾਨ ਕੀਤੇ ਗਏ ਬਦਲਣ ਦੇ ਖ਼ਰਚਿਆਂ ਦਾ ਵਿਧਾਨਕ ਐਲਾਨਨਾਮਾ<br>☐ ਇਕ ਬਿਆਨ ਜਿਸ ਵਿੱਚ ਹਿੰਸਾ ਦੇ ਸਮੇਂ ਪਹਿਨੇ ਗਏ ਕੱਪੜਿਆਂ ਅਤੇ ਕੱਪੜਿਆਂ ਦੀਆਂ ਕਿਸੇ ਵੀ ਫ਼ੋਟੋਆਂ ਦਾ ਵੇਰਵਾ ਦਿੱਤਾ ਗਿਆ ਹੈ, ਜਾਂ ਪਹਿਨੇ ਗਏ ਕੱਪੜਿਆਂ ਦਾ ਵੇਰਵਾ ਦੇਣ ਵਾਲਾ ਵਿਧਾਨਕ ਐਲਾਨਨਾਮਾ। |
| **ਮੁੜ-ਬਹਾਲੀ ਨਾਲ ਸੰਬੰਧਿਤ ਖ਼ਰਚੇ** | ☐ ਡਾਕਟਰ ਜਾਂ ਮਾਨਸਿਕ ਸਿਹਤ ਪੇਸ਼ੇਵਰ ਦੀ ਰਿਪੋਰਟ ਜਾਂ ਚਿੱਠੀ, ਜਿਸ ਵਿੱਚ ਸਿਹਤਯਾਬੀ ਦੇ ਖ਼ਰਚਿਆਂ ਦੀ ਲੋੜ ਦਾ ਵੇਰਵਾ ਦਿੱਤਾ ਗਿਆ ਹੈ ਅਤੇ ਇਹ ਅਸਾਧਾਰਣ ਹਾਲਾਤ ਕਿਉਂ ਹਨ<br>☐ ਭਾਵਨਾਤਮਕ, ਸਰੀਰਕ ਜਾਂ ਮਾਨਸਿਕ ਸਿਹਤਯਾਬੀ ਵਿੱਚ ਸਹਾਇਤਾ ਕਰਨ ਲਈ ਖ਼ਰਚਿਆਂ ਲਈ ਰਸੀਦਾਂ, ਚਲਾਨ ਜਾਂ ਸੰਭਾਵਿਤ ਲਾਗਤਾਂ ਜਿਵੇਂ ਕਿ ਆਤਮ-ਨਿਰਭਰਤਾ ਅਤੇ ਭਲਾਈ ਨੂੰ ਸਮਰੱਥ ਕਰਨ ਦੀਆਂ ਗਤੀਵਿਧੀਆਂ। |
| **ਵਿਸ਼ੇਸ਼ ਵਿੱਤੀ ਸਹਾਇਤਾ** | ☐ ਕੋਈ ਵੀ ਸਬੂਤ ਜੋ ਹਿੰਸਾ ਦੇ ਕਾਰਨ ਤੁਹਾਡੀ ਸਿਹਤ, ਭਲਾਈ, ਵਿੱਤ ਜਾਂ ਰੁਜ਼ਗਾਰ 'ਤੇ ਪਿਆ ਮਹੱਤਵਪੂਰਨ ਮਾੜਾ ਪ੍ਰਭਾਵ ਦਿਖਾਉਂਦਾ ਹੈ (ਜਿਵੇਂ ਕਿ ਗੰਭੀਰ ਸੱਟ)। ਡਾਕਟਰੀ ਖ਼ਰਚਿਆਂ ਜਾਂ ਸਿਹਤਯਾਬੀ ਦੇ ਖ਼ਰਚਿਆਂ ਦੇ ਸਬੂਤਾਂ 'ਤੇ ਵਿਚਾਰ ਕੀਤਾ ਜਾਵੇਗਾ। |

ਇਸ ਪ੍ਰਕਾਸ਼ਨ ਵਿਚਲੀ ਸਮੱਗਰੀ ਸਿਰਫ਼ ਇਕ ਆਮ ਗਾਈਡ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ। ਕਿਰਪਾ ਕਰਕੇ ਆਪਣੀ ਵਿਸ਼ੇਸ਼ ਸਥਿਤੀ ਬਾਰੇ ਕਾਨੂੰਨੀ ਸਲਾਹ ਲਓ।

inTouch
Multicultural Centre Against Family Violence

ਇਨਟੱਚ
admin@intouch.org.au | intouch.org.au
ਦੁਆਰਾ ਫ਼ਰਵਰੀ 2025 ਵਿੱਚ ਤਿਆਰ ਕੀਤਾ ਗਿਆ।

ਪਰਿਵਾਰਕ ਹਿੰਸਾ ਵਿਰੁੱਧ ਇਨਟੱਚ ਮਲਟੀਕਲਚਰਲ ਸੈਂਟਰ ਨੂੰ ਵਿਕਟੋਰੀਆ ਦੀ ਸਰਕਾਰ ਦੁਆਰਾ ਮਾਣ ਨਾਲ ਸਮਰਥਨ ਦਿੱਤਾ ਗਿਆ ਹੈ।

VICTORIA State Government